**ਡਾਇਰੈਕਟਰ ਜਨਰਲ ਸਕੂਲ ਸਿੱਖਿਆ ਕਮ ਸਟੇਟ ਪ੍ਰੋਜੈਕਟ ਡਾਇਰੈਕਟਰ**
**ਦਫ਼ਤਰ ਸਰਵ ਸਿਖਿਆ ਅਭਿਆਨ ਅਥਾਰਟੀ (ਪੰਜਾਬ)**
ਐਸ.ਸੀ.ਓ. 104-106,ਦੂਸਰੀ ਅਤੇ ਤੀਸਰੀ ਮੰਜਿਲ, ਸੈਕਟਰ 34-ਏ,ਚੰਡੀਗੜ
ਫ਼ੋਨ ਨੰ : 0172-2623206,2623207

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.)
ਪੰਜਾਬ।

ਮੀਮੋ ਨੰ:- ਸਸਅ/2011/ਐਚਆਰ/85244-85272
ਮਿਤੀ: ਚੰਡੀਗੜ੍ਹ 23.09.11

**ਵਿਸ਼ਾ:** **ਸਰਵ ਸਿੱਖਿਆ ਅਭਿਆਨ ਅਧੀਨ ਸਾਲ 2010-11 ਦੌਰਾਨ ਕਲੱਸਟਰ ਰਿਸੋਰਸ ਸੈਂਟਰ (ਸੀ.ਆਰ.ਸੀ) ਅਤੇ ਬਲਾਕ ਰਿਸੋਰਸ ਸੈਂਟਰ (ਬੀ.ਆਰ.ਸੀ.) ਲਈ ਗਰਾਂਟਾਂ ਦੀ ਵਰਤੋਂ ਸਬੰਧੀ ਹਦਾਇਤਾਂ।**

1.0 ਸਾਲ 2011-12 ਦੌਰਾਨ ਸਰਵ ਸਿੱਖਿਆ ਅਭਿਆਨ ਅਧੀਨ ਹਰੇਕ ਸੀ.ਆਰ.ਸੀ. ਅਤੇ ਬੀ.ਆਰ.ਸੀ. ਲਈ ਹੇਠ ਅਨੁਸਾਰ ਗਰਾਂਟਾਂ ਮਨਜ਼ੂਰ ਹੋਈਆਂ ਹਨ:-

| Contingency Grant | | Meeting/TA | TLM Grant | Replacement of Furniture, computer, TLE etc. | Maintance Grant |
|---|---|---|---|---|---|
| BRC | Rs. 50000/- per block | Rs. 30000/- per block | Rs. 10000/- per block | Rs. 1.00 lac per block | Rs. 10,000/- per block |
| CRC | Rs. 10000/- per CRC | Rs. 12000/- per CRC | Rs. 3,000/- per CRC | Rs. 10, 000 per CRC | Rs. 2,000/- per CRC |

2.0 (ੳ) <u>**ਕੰਟੀਨਜੈਂਸੀ ਗਰਾਂਟ ਦੀ ਵਰਤੋਂ:**</u> ਜਿਵੇਂ ਕਿ ਗਰਾਂਟ ਹੈੱਡ ਤੋਂ ਸਪੱਸ਼ਟ ਹੈ ਕਿ ਕੰਟੀਨਜੈਂਸੀ ਗਰਾਂਟ ਦੀ ਵਰਤੋਂ ਸੀ.ਆਰ.ਸੀ. ਜਾਂ ਬੀ.ਆਰ.ਸੀ. ਦੇ ਦਫਤਰੀ ਖਰਚਿਆਂ ਭਾਵ ਆਫਿਸ Equipments ਦੀ ਖਰੀਦ ਜਿਵੇਂ ਫੋਟੋਕਾਪੀਅਰ, ਕੰਪਿਊਟਰ ਜਾਂ ਪ੍ਰਿੰਟਰ, ਟੋਨਰ, ਕਾਰਟਰਿਜ ਆਦਿ ਦੀ ਖਰੀਦ/ਰਿਪੇਅਰ ਐਂਡ ਮੇਨਟੇਨੈਂਸ, ਸਟੇਸ਼ਨਰੀ ਆਈਟਮਜ਼ ਦੀ ਖਰੀਦ, ਟੈਲੀਫੋਨ/ਬਿਜਲੀ/ਬਰੋਡਬੈਂਡ ਇੰਟਰਨੈਂਟ ਕੁਨੈਕਸ਼ਨ ਦੇ ਬਿਲਾਂ ਦਾ ਭੁਗਤਾਨ ਆਦਿ ਲਈ ਕਰਨਾ ਹੁੰਦਾ ਹੈ।

(ਅ) <u>**ਮੀਟਿੰਗ ਅਤੇ ਟੀ.ਏ. ਗਰਾਂਟ ਦੀ ਵਰਤੋਂ:**</u> ਮੀਟਿੰਗ ਅਤੇ ਟੀ.ਏ. ਗਰਾਂਟ ਦੀ ਵਰਤੋਂ ਸਰਵ ਸਿੱਖਿਆ ਅਭਿਆਨ ਹੇਠ ਕਲੱਸਟਰ ਜਾਂ ਬਲਾਕ ਪੱਧਰ ਤੇ ਕ੍ਰਮਵਾਰ ਅਧਿਆਪਕਾਂ ਜਾਂ ਕਲੱਸਟਰ ਰਿਸੋਰਸ ਪਰਸਨਜ਼ ਦੀਆਂ ਮੀਟਿੰਗਜ਼ ਕਰਵਾਉਣ (ਰਿਫਰੈਸ਼ਮੈਂਟ ਜਾਂ ਹੋਰ ਪ੍ਰਬੰਧ) ਲਈ ਕੀਤੀ ਜਾਣੀ ਹੁੰਦੀ ਹੈ।

ਕਲੱਸਟਰ ਅਤੇ ਬਲਾਕ ਪੱਧਰ ਤੇ ਕੰਮ ਕਰ ਰਹੇ ਰਿਸੋਰਸ ਪਰਸਨਜ਼/ਅਫ਼ਸਰਾਂ ਵੱਲੋਂ ਕ੍ਰਮਵਾਰ ਬਲਾਕ ਅਤੇ ਜ਼ਿਲ੍ਹਾ ਪੱਧਰ ਤੇ ਵੱਖ-ਵੱਖ ਮੀਟਿੰਗਜ਼ ਅਟੈਂਡ ਕਰਨ ਲਈ ਨਿਯਮਾਂ ਅਨੁਸਾਰ ਟੀ.ਏ./ਡੀ.ਏ. ਦਾ ਭੁਗਤਾਨ ਵੀ ਇਸੇ ਗਰਾਂਟ ਵਿੱਚੋਂ ਕਰਨਾ ਹੁੰਦਾ ਹੈ।

ਉਪਰੋਕਤ ਤੋਂ ਇਲਾਵਾ ਇਸ ਪੱਤਰ ਰਾਹੀਂ ਆਪ ਨੂੰ ਵਿਸ਼ੇਸ਼ ਤੌਰ ਤੇ ਲਿਖਿਆ ਜਾਂਦਾ ਹੈ ਕਿ ਪੜ੍ਹੋ ਪੰਜਾਬ ਪ੍ਰੋਗਰਾਮ ਤਹਿਤ ਸਾਲ 2011-12 ਦੌਰਾਨ ਸਕੂਲੀ ਬੱਚਿਆਂ ਨੂੰ ਪੜ੍ਹਨ ਲਈ ਹੋਰ ਜ਼ਿਆਦਾ ਪ੍ਰੋਤਸਾਹਿਤ ਕਰਨ ਲਈ ਮਹੀਨੇ ਦੇ ਹਰ ਤੀਸਰੇ

ਸ਼ਨੀਵਾਰ ਨੂੰ ਕਲੱਸਟਰ ਜਾਂ ਬਲਾਕ ਪੱਧਰ ਤੇ ਸਕੂਲਾਂ ਦੇ ਮੁਕਾਬਲੇ ਕਰਵਾਉਣ ਅਤੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਦੇਣ ਦਾ ਫੈਸਲਾ ਕੀਤਾ ਹੈ। ਇਨ੍ਹਾਂ ਮੁਕਾਬਲਿਆਂ ਨੂੰ ਕਰਵਾਉਣ ਅਤੇ ਜੇਤੂ ਵਿਦਿਆਰਥੀਆਂ ਨੂੰ ਇਨਾਮ (ਜਮੈਟਰੀ ਬਾਕਸ, ਪੈਨਸਲਾਂ, ਕਾਪੀਆਂ ਆਦਿ) ਦੇਣ ਦਾ ਖਰਚਾ ਵੀ ਕਲੱਸਟਰ ਰਿਸੋਰਸ ਸੈਂਟਰ (ਸੀ.ਆਰ.ਸੀ.) ਦੀ ਮੀਟਿੰਗ ਅਤੇ ਟੀ.ਏ. ਗਰਾਂਟ ਵਿਚੋਂ ਹੀ ਕੀਤਾ ਜਾਵੇਗਾ।

(ੲ) **ਟੀ.ਐਲ.ਐਮ. ਗਰਾਂਟ ਦੀ ਵਰਤੋਂ:** ਕਲੱਸਟਰ ਅਤੇ ਬਲਾਕ ਰਿਸੋਰਸ ਸੈਂਟਰ ਵਿਖੇ ਅਧਿਆਪਕਾਂ ਦੀ ਸਿਖਲਾਈ ਪ੍ਰੋਗਰਾਮ (ਟੀਚਰ ਟ੍ਰੇਨਿੰਗ ਪ੍ਰੋਗਰਾਮ) ਲਈ ਲੋੜੀਂਦਾ ਟੀਚਿੰਗ ਲਰਨਿੰਗ ਮੈਟੀਰੀਅਲ ਤਿਆਰ ਕਰਨ/ਕਰਵਾਉਣ ਲਈ ਕਰਨਾ ਹੁੰਦਾ ਹੈ।

(ਸ) **ਰਿਪਲੇਸਮੈਂਟ ਆਫ ਫਰਨੀਚਰ, ਕੰਪਿਊਟਰ, ਟੀਚਿੰਗ ਲਰਨਿੰਗ ਇਕਯੂਪਮੈਂਟ:** ਇਹ ਗਰਾਂਟ 5 ਸਾਲਾਂ ਵਿੱਚ ਇੱਕ ਵਾਰੀ ਹਰੇਕ ਬਲਾਕ ਰਿਸੋਰਸ ਸੈਂਟਰਜ ਲਈ @ Rs. 1.00 lac per block ਅਤੇ ਕਲੱਸਟਰ ਰਿਸੋਰਸ ਸੈਂਟਰਜ਼ @ 10, 000 ਦਿੱਤੀ ਜਾਣੀ ਹੈ। ਪੰਜ ਜਾਂ ਪੰਜ ਸਾਲਾਂ ਤੋਂ ਵੱਧ ਸਮੇਂ ਕਾਲ ਵਾਲੇ ਬਲਾਕ ਰਿਸੋਰਸ ਸੈਂਟਰਜ਼ ਅਤੇ ਕਲੱਸਟਰ ਰਿਸੋਰਸ ਸੈਂਟਰਜ਼ ਲਈ ਇਹ ਗਰਾਂਟ ਭਾਰਤ ਸਰਕਾਰ ਦੀ ਸਾਲਾਨਾ ਪਲਾਨ 2011-12 ਤੋਂ ਪ੍ਰਾਪਤ ਕਰਨ ਉਪਰੰਤ ਸਮੂਹ ਜ਼ਿਲ੍ਹਿਆਂ ਨੂੰ ਭੇਜ ਦਿੱਤੀ ਗਈ ਹੈ। ਇਸ ਗਰਾਂਟ ਦੀ ਵਰਤੋਂ ਬਲਾਕ ਰਿਸੋਰਸ ਸੈਂਟਰਜ਼ ਜਾਂ ਕਲੱਸਟਰ ਰਿਸੋਰਸ ਸੈਂਟਰਜ਼ ਵਿਖੇ ਪੁਰਾਣੇ ਫਰਨੀਚਰ, ਕੰਪਿਊਟਰ ਅਤੇ ਟੀਚਿੰਗ ਲਰਨਿੰਗ ਇਕਯੂਪਮੈਂਟ (Teaching Learning Equipment) ਦੀ ਲੋੜ ਅਨੁਸਾਰ ਰਿਪਲੇਸਮੈਂਟ ਜਾਂ ਹੋਰ ਖਰੀਦਾਰੀ ਲਈ Final Management and procurement Govt. of India ਦੇ ਨਿਯਮਾਂ ਅਨੁਸਾਰ ਕੀਤੀ ਜਾ ਸਕਦੀ ਹੈ।

(ਹ) **ਮੈਨਟੀਨੈਂਸ ਗਰਾਂਟ:** ਇਹ ਗਰਾਂਟ ਹਰ ਸਾਲ ਹਰੇਕ ਬੀ.ਆਰ.ਸੀ.@ Rs. 10,000/- per block ਸੀ.ਆਰ.ਸੀ. @ Rs. 2, 000/- ਦਿੱਤੀ ਜਾਂਦੀ ਹੈ। ਬੀ.ਆਰ.ਸੀਜ਼ ਅਤੇ ਸੀ.ਆਰ.ਸੀਜ਼ ਦੀ ਮੈਨਟੀਨੈਂਸ ਲਈ ਇਹ ਗਰਾਂਟ ਨਿਯਮਾਂ ਅਨੁਸਾਰ ਖਰਚ ਕੀਤੀ ਜਾਵੇ।

3.0 ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ।

**ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ**

ਪਿੱਠ ਅੰਕਣ ਨੰ:85273-85275 ਮਿਤੀ 23/09/11

ਉਤਾਰਾ:

1. ਸਮੂਹ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ, ਵੈਬਸਾਈਟ ਰਾਹੀਂ।
2. ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਵੈਬਸਾਈਟ ਰਾਹੀਂ।
3. ਸਮੂਹ ਸੈਂਟਰ ਹੈੱਡ ਟੀਚਰ, ਵੈਬਸਾਈਟ ਰਾਹੀਂ।

**ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ**